ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

13:40

ਮਿਤੀ: 27-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਹਿੰਦ ਮਹਾਸਾਗਰ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਬਣਾਈ ਰੱਖਣਾ, ਹਿੰਦ ਮਹਾਸਾਗਰ ਦੇ ਸਾਹਿਲੀ ਦੇਸ਼ਾਂ ਦੇ ਸੰਗਠਨ ਦੀ ਸਮੂਹਿਕ ਜ਼ਿੰਮੇਵਾਰੀ ਏ।

- ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਏ ਕਿ ਭਾਰਤ-ਅਮਰੀਕਾ ਵਪਾਰ ਸਮਝੌਤਾ ਅੰਤਿਮ ਪੜਾਅ 'ਤੇ ਏ।

- ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਨੇ ਕਿਹੈ ਕਿ ਭਾਰਤ ਦਾ ਟੀਚਾ ਅਗਲੇ 10 ਤੋਂ 11 ਸਾਲਾਂ ਵਿੱਚ 500 ਗੀਗਾਵਾਟ ਨਵਿਆਉਣਯੋਗ ਊਰਜਾ ਸਮਰੱਥਾ ਪ੍ਰਾਪਤ ਕਰਨ ਦਾ ਏ।

- ਸਿਵਲ ਡਿਫੈਂਸ ਤਿਆਰੀਆਂ ਦੀ ਪਰਖ ਲਈ ਪੰਜਾਬ ਰਾਜ ਵੱਲੋਂ ਅੱਜ ਰਾਤ ਸਿਵਲ ਡਿਫੈਂਸ ਏਅਰ ਰੇਡ ਅਤੇ ਬਲੈਕਆਊਟ ਮੌਕ ਡਰਿੱਲ ਕੀਤੀ ਜਾਵੇਗੀ।

- ਔਰਤਾਂ ਦੀ ਏਸ਼ੀਆਈ ਹਾਕੀ ਚੈਂਪੀਅਨਜ਼ ਟਰਾਫੀ ਦੇ ਸੈਮੀਫਾਈਨਲ ਵਿੱਚ, ਅੱਜ ਸ਼ਾਮ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਮਲੇਸ਼ੀਆ ਨਾਲ ਹੋਵੇਗਾ।

ਹੁਣ ਖਬਰਾਂ ਵਿਸਥਾਰ ਨਾਲ

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਅੱਜ ਕਿਹਾ ਏ ਕਿ ਹਿੰਦ ਮਹਾਸਾਗਰ ਵਿਸ਼ਵ ਵਪਾਰ, ਊਰਜਾ ਸੁਰੱਖਿਆ, ਸੰਪਰਕ ਅਤੇ ਆਰਥਿਕ ਖੁਸ਼ਹਾਲੀ ਲਈ ਮਹੱਤਵਪੂਰਨ ਏ । ਨਵੀਂ ਦਿੱਲੀ ਵਿੱਚ ਹਿੰਦ ਮਹਾਸਾਗਰ ਦੇ ਸਾਹਿਲੀ ਦੇਸ਼ਾਂ ਦੇ ਸੰਗਠਨ (IORA) ਦੀ ਮੰਤਰੀਆਂ ਦੀ ਕੌਂਸਲ ਦੀ ਮੀਟਿੰਗ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਖੇਤਰ ਕਈ ਭਿੰਨਤਾਵਾਂ, ਮੌਕਿਆਂ ਅਤੇ ਸਾਂਝੀਆਂ ਚੁਣੌਤੀਆਂ ਦਾ ਖੇਤਰ ਏ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਿੰਦ ਮਹਾਸਾਗਰ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਬਣਾਈ ਰੱਖਣਾ ਅਤੇ ਵਿਕਾਸ ਲਈ ਸੁਖਾਵੇਂ ਮਾਹੌਲ ਨੂੰ ਯਕੀਨੀ ਬਣਾਉਣਾ ਸੰਗਠਨ ਦੀ ਸਮੂਹਿਕ ਜ਼ਿੰਮੇਵਾਰੀ ਏ। ਡਾ. ਜੈਸ਼ੰਕਰ ਨੇ ਕਿਹਾ ਕਿ ਸੰਗਠਨ ਪ੍ਰਤੀ ਭਾਰਤ ਦੀ ਪਹੁੰਚ ਅਤੇ ਇਸਦੀ ਪ੍ਰਧਾਨਗੀ ਓਸ਼ਨ

ਵਿਜ਼ਨ ਤੋਂ ਪ੍ਰੇਰਿਤ ਏ, ਜੋ ਖੇਤਰੀ ਸੁਰੱਖਿਆ ਅਤੇ ਵਿਕਾਸ ਲਈ ਸਾਰੇ ਖੇਤਰਾਂ ਵਿੱਚ ਆਪਸੀ ਅਤੇ ਸਮਾਵੇਸ਼ੀ ਪ੍ਰਗਤੀ ਨੂੰ ਦਰਸਾਉਂਦੀ ਏ।

ਵਿਦੇਸ਼ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਗੰਭੀਰ ਆਲਮੀ ਚੁਣੌਤੀਆਂ ਦਰਮਿਆਨ, IORA ਨੂੰ ਆਪਣੀ ਸਮੂਹਿਕ ਆਵਾਜ਼ ਨੂੰ ਮਜ਼ਬੂਤ ਕਰਨ ਅਤੇ ਇੱਕ ਸਮਾਵੇਸ਼ੀ ਖੇਤਰੀ ਮੰਚ ਵਜੋਂ ਆਪਣੀ ਭੂਮਿਕਾ ਨੂੰ ਮਜ਼ਬੂਤ ਬਣਾਉਣ ਦੀ ਲੋੜ ਏ।

BYTE: S. JAISHANKAR

ਡਾ. ਜੈਸ਼ੰਕਰ ਨੇ ਕਿਹਾ ਕਿ ਆਪਣੀ ਪ੍ਰਧਾਨਗੀ ਦੌਰਾਨ, ਭਾਰਤ IORA ਦੇ ਤਰਜੀਹੀ ਖੇਤਰਾਂ ਅਤੇ ਸੰਬੰਧਿਤ ਮੁੱਦਿਆਂ 'ਤੇ ਸਹਿਯੋਗ ਨੂੰ ਮਜ਼ਬੂਤ ਕਰਨ, ਗੱਲਬਾਤ ਭਾਈਵਾਲ ਦੇਸ਼ਾਂ ਨਾਲ ਸ਼ਮੂਲੀਅਤ ਵਧਾਉਣ, ਵਿਹਾਰਕ ਖੇਤਰੀ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਅਤੇ ਸੰਗਠਨ ਦੀ ਮਾਲੀ ਅਤੇ ਸੰਸਥਾਗਤ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਏ।

ਇਹ ਭਾਰਤ ਦੀ ਪ੍ਰਧਾਨਗੀ ਹੇਠ ਸੰਗਠਨ ਦੇ ਮੰਤਰੀਆਂ ਦੀ ਕੌਂਸਲ ਦੀ ਪਹਿਲੀ ਮੀਟਿੰਗ ਏ।

ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਅੱਜ ਕਿਹਾ ਏ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ ਹੁਣ ਅੰਤਿਮ ਰੂਪ ਲੈ ਰਿਹਾ ਏ ਅਤੇ ਇਸ ਦੇ ਸਿੱਟੇ ਦੇ ਨੇੜੇ ਏ । ਨਵੀਂ ਦਿੱਲੀ ਵਿੱਚ ਭਾਰਤ ਕਰਜ਼ਾ

ਪੂੰਜੀ ਬਾਜ਼ਾਰ ਸੰਮੇਲਨ ਵਿੱਚ ਵਰਚੁਅਲੀ ਬੋਲਦਿਆਂ, ਸ਼੍ਰੀ ਗੋਇਲ ਨੇ ਕਿਹਾ ਕਿ ਕੁਝ ਪ੍ਰਕਿਰਿਆਵਾਂ ਕਾਰਨ ਦੁਵੱਲਾ ਸਮਝੌਤਾ ਰੋਕਿਆ ਗਿਆ ਸੀ, ਪਰ ਹੁਣ ਇਹ ਆਪਣੇ ਆਖਰੀ ਪੜਾਅ 'ਤੇ ਏ। ਮੰਤਰੀ ਨੇ ਉਮੀਦ ਪ੍ਰਗਟਾਈ ਕਿ ਭਾਰਤ-ਯੂਰਪੀ ਯੂਨੀਅਨ ਆਜ਼ਾਦ ਵਪਾਰ ਸਮਝੌਤੇ 'ਤੇ ਇਸ ਸਾਲ ਦੇ ਅੰਤ ਵਿੱਚ ਦਸਤਖਤ ਕੀਤੇ ਜਾਣਗੇ ਅਤੇ ਅਗਲੇ ਸਾਲ ਮਾਰਚ ਜਾਂ ਅਪ੍ਰੈਲ ਤੱਕ ਲਾਗੂ ਹੋ ਜਾਵੇਗਾ।

ਸ਼੍ਰੀ ਗੋਇਲ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ, ਭਾਰਤ ਨੇ 38 ਵਿਕਸਿਤ ਦੇਸ਼ਾਂ ਨੂੰ ਕਵਰ ਕਰਨ ਵਾਲੇ ਨੌਂ ਆਜ਼ਾਦ ਵਪਾਰ ਸਮਝੌਤਿਆਂ ਨੂੰ ਅੰਤਿਮ ਰੂਪ ਦਿੱਤਾ ਏ, ਜਿਸ ਨਾਲ 70 ਟ੍ਰਿਲੀਅਨ ਡਾਲਰ ਦੀ ਸੰਯੁਕਤ ਜੀਡੀਪੀ ਵਾਲੀਆਂ ਆਰਥਿਕਤਾਵਾਂ ਤੱਕ ਆਪਣੀ ਤਰਜੀਹੀ ਬਾਜ਼ਾਰ ਪਹੁੰਚ ਹੋ ਗਈ ਏ। ਉਨ੍ਹਾਂ ਕਿਹਾ ਕਿ ਗੱਲਬਾਤ ਅਧੀਨ ਹੋਰ ਅੱਠ ਜਾਂ ਨੌਂ ਸਮਝੌਤੇ ਇਸ ਨੂੰ 85 ਟ੍ਰਿਲੀਅਨ ਡਾਲਰ ਤੱਕ ਵਧਾ ਸਕਦੇ ਨੇ। ਘਰੇਲੂ ਆਰਥਿਕਤਾਵਾਂ ਬਾਰੇ, ਮੰਤਰੀ ਨੇ ਕਿਹਾ ਕਿ ਭਾਰਤ ਨੇ ਆਲਮੀ ਅਨਿਸ਼ਚਿਤਤਾਵਾਂ ਦੇ ਬਾਵਜੂਦ ਆਪਣੀ ਵਿਕਾਸ ਗਤੀ ਨੂੰ ਬਰਕਰਾਰ ਰੱਖਿਆ ਏ, ਜਿਸ ਵਿੱਚ ਟਕਰਾਅ, ਤੇਲ ਦੀਆਂ ਕੀਮਤਾਂ ਦੇ ਉਤਾਰ-ਚੜਾਅ ਅਤੇ ਟੈਰਿਫ ਨਾਲ ਸਬੰਧਤ ਰੁਕਾਵਟਾਂ ਸ਼ਾਮਿਲ ਨੇ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ, ਜੋ ਕੇਰਲ ਦੇ ਦੋ ਦਿਨਾਂ ਦੌਰੇ 'ਤੇ ਨੇ, ਸ਼੍ਰੀ ਆਦਿ ਸ਼ੰਕਰਾਚਾਰੀਆ ਦੇ ਜਨਮ ਸਥਾਨ, ਕਲਾਡੀ ਵਿੱਚ ਸ਼੍ਰੀ ਆਦਿ

ਸ਼ੰਕਰਾ ਜਨਮਭੂਮੀ ਮੰਦਿਰ ਦੇ ਦਰਸ਼ਨ ਕੀਤੇ. ਰਾਸ਼ਟਰਪਤੀ ਕੋਚੀਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸੜ੍ਹਕ ਰਾਹੀਂ ਰਵਾਨਾ ਹੋਏ ਅਤੇ ਸਵੇਰੇ 11 ਵਜੇ ਦੇ ਕਰੀਬ ਮੰਦਿਰ ਪਹੁੰਚੇ। ਰਾਸ਼ਟਰਪਤੀ ਦਾ ਸਵਾਗਤ ਕੇਰਲਮ ਦੇ ਰਾਜਪਾਲ ਓਮ ਪ੍ਰਕਾਸ਼ ਮਾਥੁਰ, ਰਾਜ ਦੇ ਉੱਚ ਸਿੱਖਿਆ ਮੰਤਰੀ ਰੋਜ਼ੀ ਐਮ. ਜੌਨ, ਅਤੇ ਸ਼੍ਰੰਗੇਰੀ ਮੱਠ ਦੇ ਸੀਈਓ ਅਤੇ ਪ੍ਰਸ਼ਾਸਕ ਪੀ. ਏ. ਮੁਰਲੀ, ਸਮੇਤ ਹੋਰ ਪਤਵੰਤਿਆਂ ਨੇ ਕੀਤਾ।

ਰਾਸ਼ਟਰਪਤੀ ਰਵਾਇਤੀ ਪੂਰਨ ਕੁੰਭਮ ਸਵਾਗਤ ਤੋਂ ਬਾਅਦ ਮੰਦਿਰ ਵਿੱਚ ਦਾਖਿਲ ਹੋਏ।

ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਨੇ ਅੱਜ ਕਿਹਾ ਏ ਕਿ ਭਾਰਤ ਆਪਣੀ ਤੇਜ਼ੀ ਨਾਲ ਵਧਦੀ ਬਿਜਲੀ ਦੀ ਮੰਗ ਨੂੰ ਸਫਲਤਾ ਨਾਲ ਪੂਰਾ ਕਰ ਰਿਹਾ ਏ। ਉਨ੍ਹਾਂ ਕਿਹਾ ਕਿ ਘਰੇਲੂ ਬਿਜਲੀ ਖੇਤਰ ਆਤਮਨਿਰਭਰ ਹੋ ਰਿਹਾ ਏ, ਜਿਸ ਨਾਲ ਗੁਆਂਢੀ ਦੇਸ਼ਾਂ ਨੂੰ ਊਰਜਾ ਬਰਾਮਦ ਕਰਨ ਲਈ ਕਦੇ-ਕਦੇ ਵਾਧੂ ਸਮਰੱਥਾ ਹੁੰਦੀ ਏ । ਅੱਜ ਨਵੀਂ ਦਿੱਲੀ ਵਿੱਚ ਬਿਜਲੀ ਮੰਤਰੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਦੇਸ਼ ਦਾ ਟੀਚਾ ਅਗਲੇ 10 ਤੋਂ 11 ਸਾਲਾਂ ਵਿੱਚ 500 ਗੀਗਾਵਾਟ ਨਵਿਆਉਣਯੋਗ ਊਰਜਾ ਸਮਰੱਥਾ ਪ੍ਰਾਪਤ ਕਰਨਾ ਏ । ਉਨ੍ਹਾਂ ਕਿਹਾ ਕਿ ਇਸ ਉਦੇਸ਼ ਪੂਰਨ ਪਸਾਰ ਲਈ ਉਤਪਾਦਨ ਦੇ ਨਾਲ-ਨਾਲ ਰਾਸ਼ਟਰੀ ਟ੍ਰਾਂਸਮਿਸ਼ਨ ਨੈੱਟਵਰਕ ਨੂੰ ਸਮੇਂ ਮੁਤਾਬਿਕ ਬਿਹਤਰ ਬਣਾਉਣ ਦੀ ਲੋੜ

ਏ. ਮੰਤਰੀ ਨੇ ਕਿਹਾ ਕਿ ਦੋ-ਰੋਜ਼ਾ ਕਾਨਫਰੰਸ ਬਿਜਲੀ ਖੇਤਰ ਵਿੱਚ ਵਧਦੀਆਂ ਚੁਣੌਤੀਆਂ ਅਤੇ ਮੰਗ, ਅਤੇ ਲੋੜੀਂਦੀ ਸਪਲਾਈ ਰਾਹੀਂ ਉਸ ਮੰਗ ਨੂੰ ਕਿਵੇਂ ਪੂਰਾ ਕੀਤਾ ਜਾਵੇ, ਬਾਰੇ ਚਰਚਾ ਕਰੇਗੀ।

ਸਿਵਲ ਡਿਫੈਂਸ ਤਿਆਰੀਆਂ ਦੀ ਪਰਖ ਲਈ ਪੰਜਾਬ ਰਾਜ ਵੱਲੋਂ ਅੱਜ ਰਾਤ 8 ਵਜੇ ਸਿਵਲ ਡਿਫੈਂਸ ਏਅਰ ਰੇਡ ਅਤੇ ਬਲੈਕਆਊਟ ਮੌਕ ਡਰਿੱਲ ਕੀਤੀ ਜਾਵੇਗੀ। ਇਹ ਅਭਿਆਸ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ, ਦੀਆਂ ਹਦਾਇਤਾਂ ਮੁਤਾਬਿਕ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੀਤੇ ਜਾ ਰਹੇ ਨੇ।

ਇਹ ਮੌਕ ਡਰਿੱਲ ਹਵਾਈ ਹਮਲੇ ਦੀ ਚੇਤਾਵਨੀ ਦੇ ਨਾਲ ਸ਼ੁਰੂ ਹੋਵੇਗੀ, ਤੇ ਇਹ ਚਿਤਾਵਨੀ ਦੋ ਮਿੰਟਾਂ ਲਈ ਉੱਚੀ-ਨੀਵੀਂ ਆਵਾਜ਼ ਵਾਲੇ ਸਾਇਰਨ ਵਜਾ ਕੇ ਦਿੱਤੀ ਜਾਵੇਗੀ। ਇਸ ਦੌਰਾਨ ਸੰਬੰਧਿਤ ਡਿਪਟੀ ਕਮਿਸ਼ਨਰ-ਕਮ-ਕੰਟਰੋਲਰ, ਸਿਵਲ ਡਿਫੈਂਸ ਵੱਲੋਂ ਸ਼ਨਾਖ਼ਤ ਕੀਤੇ ਗਏ ਵਿਸ਼ੇਸ਼ ਇਲਾਕਿਆਂ ਵਿੱਚ ਮੌਕ ਬਲੈਕਆਊਟ ਅਭਿਆਸ ਕੀਤਾ ਜਾਵੇਗਾ। ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਹਦਾਇਤ ਕੀਤੀ ਜਾਂਦੀ ਏ ਕਿ ਉਹ ਬਲੈਕਆਊਟ ਦੇ ਸਮੇਂ ਦੌਰਾਨ ਸਾਰੀਆਂ ਗੈਰ-ਜ਼ਰੂਰੀ ਲਾਈਟਾਂ ਬੰਦ ਰੱਖਣ। ਹਾਲਾਂਕਿ, ਬਲੈਕਆਊਟ ਦੌਰਾਨ ਜ਼ਰੂਰੀ ਸੇਵਾਵਾਂ ਨਿਰਵਿਘਨ ਜਾਰੀ ਰਹਿਣਗੀਆਂ।

ਇਹ ਅਭਿਆਸ "ਆਲ ਕਲੀਅਰ" ਦੇ ਸੰਕੇਤ ਨਾਲ ਸਮਾਪਤ ਹੋਵੇਗਾ, ਜਿਸ ਤਹਿਤ ਦੋ ਮਿੰਟਾਂ ਲਈ ਲਗਾਤਾਰ ਉੱਚੀ ਆਵਾਜ਼ ਵਾਲਾ ਸਾਇਰਨ ਵਜਾਇਆ ਜਾਵੇਗਾ।

ਇਸ ਮੌਕ ਡਰਿੱਲ ਦੌਰਾਨ ਜ਼ਮੀਨੀ ਪੱਧਰ 'ਤੇ ਤਾਲਮੇਲ ਦੀ ਪਰਖ ਲਈ ਵੱਖ-ਵੱਖ ਅਹਿਮ ਹੰਗਾਮੀ ਕਾਰਜਾਂ ਦਾ ਅਭਿਆਸ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਅੱਗ ਬੁਝਾਊ ਕਾਰਵਾਈਆਂ, ਭਾਲ ਅਤੇ ਬਚਾਅ ਕਾਰਜ, ਫਸਟ ਏਡ ਅਤੇ ਡਾਕਟਰੀ ਸਹਾਇਤਾ, ਜ਼ਖਮੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦੇ ਨਾਲ-ਨਾਲ ਟ੍ਰੈਫਿਕ ਅਤੇ ਭੀੜ ਨੂੰ ਕੰਟਰੋਲ ਕਰਨ ਦੇ ਉਪਾਅ ਸ਼ਾਮਿਲ ਨੇ। ਇਸ ਬਾਰੇ ਜਲੰਧਰ ਦੇ ਸਿਵਿਲ ਡਿਫੈਂਸ ਬਾਰੇ ਚੀਫ਼ ਵਾਰਡਨ ਪ੍ਰਿਤਪਾਲ ਸਿੰਘ ਨੇ ਦੱਸਿਆ -

BYTE: PRITPAL SINGH

ਇਹ ਸਿਵਲ ਡਿਫੈਂਸ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕਰਵਾਇਆ ਜਾ ਰਿਹਾ ਇੱਕ ਰੁਟੀਨ ਅਭਿਆਸ ਏ।

ਸੁਪਰੀਮ ਕੋਰਟ ਨੇ ਅੱਜ ਆਮ ਆਦਮੀ ਪਾਰਟੀ ਦੇ ਨੇਤਾ ਦੀਪਕ ਸਿੰਗਲਾ ਨੂੰ 155 ਕਰੋੜ ਰੁਪਏ ਦੇ ਕਥਿਤ ਬੈਂਕ ਧੋਖਾਧੜੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੇ ਸਬੰਧ ਵਿੱਚ ਚਾਰ ਹਫ਼ਤਿਆਂ ਦੀ ਅੰਤਰਿਮ ਜ਼ਮਾਨਤ ਦੇ ਦਿੱਤੀ ਏ। ਅਦਾਲਤ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸਿੰਗਲਾ ਦੀ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਅਤੇ ਜ਼ਮਾਨਤ

ਦੀ ਮੰਗ ਕਰਨ ਵਾਲੀ ਵਿਚਾਰ ਗੋਚਰੇ ਪਈ ਪਟੀਸ਼ਨ 'ਤੇ ਚਾਰ ਹਫ਼ਤਿਆਂ ਦੇ ਅੰਦਰ ਫੈਸਲਾ ਕਰਨ ਲਈ ਵੀ ਕਿਹਾ।

ਲੋਕ ਸਭਾ 30 ਨਵੰਬਰ ਨੂੰ, ਜਦੋਂ ਕਿ ਰਾਜ ਸਭਾ 2 ਦਸੰਬਰ ਨੂੰ ਆਪਣਾ ਇਜਲਾਸ ਮੁੜ੍ਹ ਸ਼ੁਰੂ ਕਰੇਗੀ। ਦੋਵਾਂ ਸਭਾਵਾਂ ਦੀ ਬੈਠਕ ਜ਼ਰੂਰੀ ਸਰਕਾਰੀ ਕੰਮਕਾਜ ਲਈ ਬੁਲਾਈ ਗਈ ਏ।

ਸੰਸਦੀ ਕਾਰਵਾਈ ਦੀ ਸਥਿਤੀ ਦੇ ਆਧਾਰ 'ਤੇ, ਦੋਵਾਂ ਸਭਾਵਾਂ ਦੇ ਇਜਲਾਸ 3 ਦਸੰਬਰ ਨੂੰ ਖਤਮ ਹੋ ਸਕਦੇ ਨੇ. ਇਨ੍ਹਾਂ ਬੈਠਕਾਂ ਦੌਰਾਨ ਪ੍ਰਸ਼ਨ ਕਾਲ, ਸਿਫ਼ਰ ਕਾਲ ਅਤੇ ਨਿੱਜੀ ਮੈਂਬਰਾਂ ਦਾ ਕੰਮਕਾਜ ਨਹੀਂ ਹੋਵੇਗਾ।

ਰੱਖਿਆ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਰਾਜਨਾਥ ਸਿੰਘ ਕੱਲ੍ਹ ਜੰਮੂ ਦਾ ਦੌਰਾ ਕਰਨਗੇ ਅਤੇ ਪਾਰਟੀ ਦੀ ਲੋਕਤੰਤਰ ਬਚਾਓ, ਅਰਾਜਕਤਾ ਹਟਾਓ ਪਦਯਾਤਰਾ ਦੀ ਅਗਵਾਈ ਕਰਨਗੇ। ਆਕਾਸ਼ਵਾਣੀ ਜੰਮੂ ਦੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਪਦਯਾਤਰਾ ਸਵੇਰੇ 10 ਵਜੇ ਰੇਡੀਓ ਸਟੇਸ਼ਨ, ਪੰਜਤੀਰਥੀ ਤੋਂ ਸ਼ੁਰੂ ਹੋਵੇਗੀ ਅਤੇ ਬ੍ਰਾਹਮਣ ਸਭਾ ਦੇ ਨੇੜੇ ਪਰੇਡ ਗਰਾਊਂਡ 'ਤੇ ਸਮਾਪਤ ਹੋਵੇਗੀ, ਜਿੱਥੇ ਇੱਕ ਜਨਤਕ ਰੈਲੀ ਕਰਾਈ ਜਾਏਗੀ।

ਜਲੰਧਰ ਵਿਖੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਅੱਜ ਸੈਮੀਫਾਇਨਲ ਮੈਚ ਖੇਡੇ ਜਾਣਗੇ।

ਪਹਿਲਾ ਮੁਕਾਬਲਾ ਇੰਡੀਅਨ ਆਇਲ ਮੁੰਬਈ ਅਤੇ CAG ਦਿੱਲੀ ਵਿਚਕਾਰ ਸ਼ਾਮ 4 ਵਜੇ ਅਤੇ ਦੂਜਾ ਮੁਕਾਬਲਾ ਰੇਲ ਕੋਚ ਫੈਕਟਰੀ, ਕਪੂਰਥਲਾ ਅਤੇ ਪੰਜਾਬ ਪੁਲਿਸ, ਜਲੰਧਰ ਵਿਚਕਾਰ ਸ਼ਾਮ 6 ਵਜੇ ਖੇਡਿਆ ਜਾਵੇਗਾ।

ਪਹਿਲਾਂ ਕੱਲ੍ਹ, ਇੰਡੀਅਨ ਆਇਲ ਮੁੰਬਈ, CAG ਦਿੱਲੀ, ਰੇਲ ਕੋਚ ਫੈਕਟਰੀ ਕਪੂਰਥਲਾ ਅਤੇ ਪੰਜਾਬ ਪੁਲਿਸ ਜਲੰਧਰ ਦੀਆਂ ਟੀਮਾਂ ਨੇ ਸੈਮੀਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ।

ਔਰਤਾਂ ਦੀ ਏਸ਼ੀਆਈ ਹਾਕੀ ਚੈਂਪੀਅਨਜ਼ ਟਰਾਫੀ ਦੇ ਸੈਮੀਫਾਈਨਲ ਵਿੱਚ, ਅੱਜ ਭੋਪਾਲ 'ਚ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਮਲੇਸ਼ੀਆ ਨਾਲ ਹੋਵੇਗਾ। ਇਹ ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ।

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਹਿੰਦ ਮਹਾਸਾਗਰ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਬਣਾਈ ਰੱਖਣਾ, ਹਿੰਦ ਮਹਾਸਾਗਰ ਦੇ ਸਾਹਿਲੀ ਦੇਸ਼ਾਂ ਦੇ ਸੰਗਠਨ ਦੀ ਸਮੂਹਿਕ ਜ਼ਿੰਮੇਵਾਰੀ ਏ।

- ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਏ ਕਿ ਭਾਰਤ-ਅਮਰੀਕਾ ਵਪਾਰ ਸਮਝੌਤਾ ਅੰਤਿਮ ਪੜਾਅ 'ਤੇ ਏ।

- ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਨੇ ਕਿਹੈ ਕਿ ਭਾਰਤ ਦਾ ਟੀਚਾ ਅਗਲੇ 10 ਤੋਂ 11 ਸਾਲਾਂ ਵਿੱਚ 500 ਗੀਗਾਵਾਟ ਨਵਿਆਉਣਯੋਗ ਊਰਜਾ ਸਮਰੱਥਾ ਪ੍ਰਾਪਤ ਕਰਨ ਦਾ ਏ।

- ਸਿਵਲ ਡਿਫੈਂਸ ਤਿਆਰੀਆਂ ਦੀ ਪਰਖ ਲਈ ਪੰਜਾਬ ਰਾਜ ਵੱਲੋਂ ਅੱਜ ਰਾਤ ਸਿਵਲ ਡਿਫੈਂਸ ਏਅਰ ਰੇਡ ਅਤੇ ਬਲੈਕਆਊਟ ਮੌਕ ਡਰਿੱਲ ਕੀਤੀ ਜਾਵੇਗੀ।

- ਔਰਤਾਂ ਦੀ ਏਸ਼ੀਆਈ ਹਾਕੀ ਚੈਂਪੀਅਨਜ਼ ਟਰਾਫੀ ਦੇ ਸੈਮੀਫਾਈਨਲ ਵਿੱਚ, ਅੱਜ ਸ਼ਾਮ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਮਲੇਸ਼ੀਆ ਨਾਲ ਹੋਵੇਗਾ।

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮੀਂ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!